ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।
ਚੌਥੀ ਮੰਜਿਲ, ਪੰ.ਸ.ਸਿ.ਬੋ. ਕੰਪ. ਫੇਜ਼-8, ਮੋਹਾਲੀ
(ਅਮਲਾ-3 ਸ਼ਾਖਾ)

ਹੁਕਮ ਨੰ: DPISE-EST30ESTB/3/2021-ESTABLISHMENT-3 DPISE

ਮਿਤੀ 24.08.2021

1.0 ਸਕੂਲ ਸਿੱਖਿਆ ਵਿਭਾਗ ਵਲੋਂ ਮੁੱਖ ਅਧਿਆਪਕਾਂ ਦੇ ਕਾਡਰ ਦੀ ਆਰਜੀ ਸੀਨੀਆਰਤਾ ਸੂਚੀ ਤਿਆਰ ਕਰਕੇ ਵਿਭਾਗ ਦੀ ਵੈਬਸਾਇਟ www.ssapunjab.org ਤੇ ਸਬੰਧਤਾਂ ਦੀ ਜਾਣਕਾਰੀ ਲਈ ਮੀਮੋਂ ਨੰ 18/13-18 ਅਮਲਾ-3 (ਐਚ-2) ਮਿਤੀ 08.07.2020 ਰਾਹੀਂ ਅਪਲੋਡ ਕੀਤੀ ਗਈ ਸੀ। ਇਸ ਆਰਜੀ ਸੀਨੀਆਰਤਾ ਵਿਚ ਲੜੀ ਨੰ 1 ਤੋਂ 3444 ਤੱਕ ਮੁੱਖ ਅਧਿਆਪਕਾਂ ਦੇ ਨਾਮ ਸ਼ਾਮਿਲ ਕੀਤੇ ਗਏ ਸਨ।ਇੱਕ ਨੋਟਿਸ ਰਾਂਹੀ ਸਬੰਧਤਾਂ ਤੋਂ 23.07.2020 ਤੱਕ ਇਤਰਾਜ ਮੰਗੇ ਗਏ ਸਨ। ਵਿਭਾਗ ਵੱਲੋਂ ਇਸ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾ ਮਿਤੀ 23.07.2020 ਤੱਕ ਪ੍ਰਾਪਤ ਇਤਰਾਜਾਂ ਨੂੰ ਵਿਚਾਰਿਆ ਗਿਆ ਹੈ।

2.0 ਇਸ ਸੀਨੀਆਰਤਾ ਨੂੰ ਤਿਆਰ ਕਰਨ ਸਮੇਂ ਮੁੱਖ ਤੌਰ ਤੇ ਹੇਠ ਲਿਖੇ ਸਿਧਾਂਤ ਅਪਣਾਏ ਗਏ ਹਨ:

(ੳ) ਮੁੱਖ ਅਧਿਆਪਕਾਂ ਦੇ ਕਾਡਰ ਵਿੱਚ ਕਿਸੇ ਕਰਮਚਾਰੀ ਦੇ ਸਿੱਧੀ ਭਰਤੀ ਰਾਂਹੀ ਨਿਯੁਕਤ ਹੋਣ ਦੀ ਸੂਰਤ ਵਿੱਚ ਰਿਕਰੂਟਿੰਗ ਏਜੰਸੀ ਵਲੋਂ ਉਨਾਂ ਦੀ ਨਿਯੁਕਤ ਸਮੇਂ ਤਿਆਰ ਕੀਤੀ ਗਈ ਮੈਰਿਟ ਅਨੁਸਾਰ ਸਬੰਧਤ ਕਰਮਚਾਰੀਆਂ ਨੂੰ ਆਪਸੀ ਸੀਨੀਆਰਤਾ ਦਿੱਤੀ ਗਈ ਹੈ।

(ਅ) ਪ੍ਰਸੋਨਲ ਵਿਭਾਗ ਦੇ ਗਸ਼ਤੀ ਪੱਤਰ ਨੰ: 4/40/13-3ਪੀ.ਪੀ.1/855 ਮਿਤੀ 10-10-2014 ਰਾਂਹੀ ਦਿੱਤੀਆਂ ਹਦਾਇਤਾਂ ਅਨੁਸਾਰ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਨਹੀਂ ਮੰਨਿਆ ਗਿਆ।

(ੲ) ਕਿਸੇ ਰਿਜਰਵ ਕੈਟਾਗਰੀ ਦੇ ਉਮੀਦਵਾਰ ਦੇ ਪਹਿਲਾਂ ਪੱਦਉਨੱਤ ਹੋਣ ਦੀ ਸੂਰਤ ਵਿੱਚ ਜੇਕਰ ਫੀਡਰ ਕਾਡਰ ਵਿੱਚ ਉਸ ਨਾਲੋਂ ਸੀਨੀਅਰ ਕਰਮਚਾਰੀ ਉਸਦੇ ਅਗਲੀ ਅਸਾਮੀ ਤੇ ਪੱਦਉਨਤ ਹੋਣ ਤੋਂ ਪਹਿਲਾਂ ਪੱਦਉਨਤ ਹੋ ਜਾਦਾਂ ਹੈ, ਤਾਂ ਉਸ ਸੂਰਤ ਵਿੱਚ ਕੈਚਅੱਪ ਦੇ ਫਾਰਮੂਲੇ ਅਨੁਸਾਰ ਅਜਿਹੇ ਕਰਮਚਾਰੀਆਂ ਨੂੰ ਹੇਠਲੇ ਕਾਡਰ ਦੀ ਸੀਨੀਆਰਤਾ ਦੇ ਅਧਾਰ ਤੇ ਮੁੱਖ ਅਧਿਆਪਕਾਂ ਦੇ ਕਾਡਰ ਵਿੱਚ ਸੀਨੀਆਰਤਾ ਦਿੱਤੀ ਗਈ ਹੈ।

(ਸ) ਕੁੱਝ ਅੰਗਹੀਣ ਕਰਮਚਾਰੀਆਂ ਨੇ, ਜੋ ਕਿ ਰੋਸਟਰ ਪੁਆਇੰਟ ਤੇ ਹੇਠਲੇ ਕਾਡਰ ਵਿੱਚ ਆਪਣੇ ਨਾਲੋਂ ਸੀਨੀਅਰ ਕਰਮਚਾਰੀਆਂ ਨਾਲੋਂ ਪਹਿਲਾਂ ਪੱਦਉਨਤ ਹੋ ਗਏ ਸਨ, ਵਲੋਂ ਇਤਰਾਜ ਉਠਾਇਆ ਗਿਆ ਕਿ ਉਨਾਂ ਦੇ ਮੁੱਖ ਅਧਿਆਪਕਾਂ ਦੇ ਕਾਡਰ ਵਿੱਚ ਪੱਦਉਨਤੀ ਦੀ ਮਿਤੀ ਤੋਂ ਸੀਨੀਆਰਤਾ ਦਿੱਤੀ ਜਾਵੇ। ਇਨ੍ਹਾ ਕਰਮਚਾਰੀਆਂ ਦੇ ਇਸ ਇਤਰਾਜ ਨੂੰ ਸਮਰੱਥ ਅਧਿਕਾਰੀ ਵਲੋਂ ਵਿਚਾਰ ਲਿਆ ਗਿਆ ਹੈ ਅਤੇ ਹਰੇਕ ਵਿਅਕਤੀਗਤ ਕੇਸ ਵਿੱਚ ਮੂੰਹ ਬੋਲਦੇ ਹੁਕਮ ਪਾਸ ਕਰਦੇ ਹੋਏ ਉਨਾਂ ਦੇ ਇਤਰਾਜਾਂ ਨੂੰ ਇਸ ਅਧਾਰ ਤੇ ਨਜਰਅੰਦਾਜ ਕਰ ਦਿੱਤਾ ਗਿਆ ਹੈ ਕਿ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 4/40/13-3ਪੀ.ਪੀ.1/855 ਮਿਤੀ 10-10-2014 ਰਾਂਹੀ ਦਿੱਤੀਆਂ ਹਦਾਇਤਾਂ ਅਨੁਸਾਰ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਨਹੀਂ ਮੰਨਿਆ ਜਾਣਾ। ਇਸ ਲਈ ਅੰਗਹੀਣ ਕਰਮਚਾਰੀ ਨੂੰ

ਸੀਨੀਆਰਤਾ ਵਿੱਚ ਢੁੱਕਵੀਂ ਥਾਂ ਤੇ ਦਿੱਤੀ ਗਈ ਸੀਨੀਆਰਤਾ ਸਰਕਾਰ ਦੀਆਂ ਹਦਾਇਤਾਂ ਦੇ ਅਨੁਕੂਲ ਹੈ।

3.0 ਉਕਤ ਅਨੁਸਾਰ ਮੁੱਖ ਅਧਿਆਪਕਾਂ/ਮੁੱਖਅਧਿਆਪਕਾਂਵਾਂ ਦੀ ਅੰਤਮ ਸੀਨੀਆਰਤਾਂ ਸੂਚੀ ਵਿਚ ਲੜੀ ਨੰ 1 ਤੋਂ ਲੈ ਕੇ 3452 ਤੱਕ ਸਬੰਧਤ ਕਰਮਚਾਰੀਆਂ ਦੇ ਨਾਮ ਸ਼ਾਮਿਲ ਕੀਤੇ ਗਏ ਹਨ। ਮੁੱਖ ਅਧਿਆਪਕਾਂ ਦੀ ਅੰਤਮ ਸੀਨੀਆਰਤਾ ਸੂਚੀ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਸਬੰਧਤਾਂ ਦੀ ਸੂਚਨਾਂ ਲਈ ਅਪਲੋਡ ਵੀ ਕਰ ਦਿੱਤੀ ਗਈ ਹੈ। ਸੀਨੀਆਰਤਾਂ ਸੂਚੀ ਵਿਚ ਸੰਭਾਵਿਤ ਗਲਤੀਆਂ ਦੂਰ ਕਰਨ ਦਾ ਪੂਰਾ ਯਤਨ ਕੀਤਾ ਗਿਆ ਹੈ, ਪਰੰਤੂ ਫਿਰ ਵੀ ਜੇਕਰ ਇਸ ਸੀਨੀਆਰਤਾਂ ਸੂਚੀ ਵਿਚ ਕਿਸੇ ਕਰਮਚਾਰੀ ਦੇ ਨਾਮ, ਮੌਜੂਦਾ ਪੋਸਟਿੰਗ ਜਾਂ ਕਿਸੇ ਹੋਰ ਵੇਰਵੇ ਸਬੰਧੀ ਕੋਈ ਗਲਤੀ ਧਿਆਨ ਵਿਚ ਆਵੇ ਤਾਂ ਅਜਿਹੀ ਗਲਤੀ ਦੀ ਦਰੁਸਤੀ ਕਰਵਾਉਣ ਲਈ ਸਬੰਧਤ ਆਪਣੀ ਪ੍ਰਤੀਬੇਨਤੀ ਭੇਜ ਸਕਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ), ਪੰਜਾਬ

ਪਿਠ ਅੰਕਣ ਨੰ: ਉਕਤ 2021291602 ਮਿਤੀ 27/8/2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1 ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।

3. ਡਾਇਰੈਕਟਰ ਜਨਰਲ ਸਕੂਲ ਸਿੱਖਿਆ।

4. ਡਾਇਰੈਕਟਰ ਸਿੱਖਿਆ ਵਿਭਾਗ, ਯੂ ਟੀ ਚੰਡੀਗੜ।

5. ਸਮੂਹ ਜਿਲਾ ਸਿੱਖਿਆ ਅਫਸਰ, ਪੰਜਾਬ ਰਾਜ।

6. ਸਮੂਹ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਫਸਰ ਅਤੇ ਸਿਖਲਾਈ ਸੰਸਥਾਵਾਂ, ਪੰਜਾਬ ਰਾਜ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ